ਪੰਜਾਬ ਸਰਕਾਰ

ਸਿਹਤ ਤੇ ਪਰਿਵਾਰ ਭਲਾਈ ਵਿਭਾਗ

(ਸਿਹਤ 2 ਸ਼ਾਖਾ)

ਹੁਕਮ

ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਵੱਲੋਂ ਨਵੇਂ ਸਥਾਪਿਤ ਕੀਤੇ ਜਾ ਰਹੇ ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਐਸ.ਏ.ਐਸ.ਨਗਰ ਵੱਲੋਂ ਪੱਤਰ ਨੰ: ਏਮਜ਼/2020/1166 ਮਿਤੀ 5.10.2020 ਰਾਹੀਂ ਸਹਾਇਕ ਪ੍ਰੋਫੈਸਰ ਦੀ ਡੈਪੂਟੇਸ਼ਨ ਤੇ ਭਰਤੀ ਸਬੰਧੀ ਹੇਠ ਲਿਖੇ ਡਾਕਟਰਾਂ ਦੀ ਚੋਣ ਕੀਤੀ ਗਈ ਹੈ:-

| ਲੜੀ ਨੰ: | ਡਾਕਟਰ ਦਾ ਨਾਮ | ਵਿਭਾਗ | ਮੌਜੂਦਾ ਤਾਇਨਾਤੀ |
|---|---|---|---|
| 1. | ਡਾ. ਜਸਕਰਨ ਗੋਇਲ | ਐਨਸਥੀਸੀਆ | ਸਿਵਲ ਹਸਪਤਾਲ, ਰਾਜਪੁਰਾ (ਪਟਿਆਲਾ) |
| 2. | ਡਾ. ਸੁਮੀਤ ਸਿੰਘ | ਕਮਿਉਨਿਟੀ ਮੈਡੀਸਨ | ਦਫ:ਸਿਵਲ ਸਰਜਨ,ਪਟਿਆਲਾ |
| 3. | ਡਾ. ਇੰਦਰਪਾਲ ਸਿੰਘ | ਜਨਰਲ ਮੈਡੀਸਨ | ਸੀਨੀਅਰ ਰੈਜੀਡੈਂਟ, ਜੀ.ਐਮ.ਸੀ. ਪਟਿਆਲਾ |
| 4 | ਡਾ. ਗੋਲਡਨਦੀਪ ਸਿੰਘ | ਜਨਰਲ ਸਰਜਰੀ | ਸੀਨੀਅਰ ਰੈਜੀਡੈਂਟ ਜੀ.ਐਮ.ਸੀ. ਪਟਿਆਲਾ |
| 5. | ਡਾ. ਪਵਨ ਕੁਮਾਰ ਮਿੱਤਲ | ਜਨਰਲ ਸਰਜਰੀ | ਦਫ: ਸੀਨੀਅਰ ਮੈਡੀਕਲ ਅਫਸਰ, ਬਰੀਵਾਲਾ (ਸ੍ਰੀ ਮੁਕਤਸਰ ਸਾਹਿਬ) |
| 6 | ਡਾ. ਨੀਸ਼ਾ ਭਗਤ | ਗਾਇਨੀ | ਐਸ.ਡੀ.ਐਚ. ਬਾਬਾ ਬਕਾਲਾ (ਅੰਮ੍ਰਿਤਸਰ) |
| 7 | ਡਾ. ਆਰਤੀ ਨਰੂਲਾ | ਗਾਇਨੀ | ਐਸ.ਡੀ.ਐਚ. ਨੰਗਲ (ਰੂਪਨਗਰ) |
| 8 | ਡਾ. ਹਰਪ੍ਰੀਤ ਕੌਰ | ਬਾਇਓਕੈਮਿਸਟਰੀ | ਐਸ.ਡੀ.ਐਚ. ਰਾਜਪੁਰਾ (ਪਟਿਆਲਾ) |
| 9 | ਡਾ. ਬਲਵਿੰਦਰ ਕੌਰ | ਓਪਥਾਲਮੋਲੋਜੀ | ਐਸ.ਡੀ.ਐਚ. ਖਰੜ (ਮੋਹਾਲੀ) |
| 10 | ਡਾ. ਵਿਕਰਮ ਜੱਸਲ | ਪੈਥੋਲੋਜੀ | ਸਿਵਲ ਹਸਪਤਾਲ, ਮੋਹਾਲੀ |
| 11 | ਡਾ. ਅਕਸ਼ਿਕਾ ਵਰਮਾਨੀ | ਸਾਇਕੈਟ੍ਰੀ | ਸਿਵਲ ਹਸਪਤਾਲ, ਮੋਹਾਲੀ |
| 12 | ਡਾ. ਗੁਰਪ੍ਰੀਤ ਸਿੰਘ ਸਾਹਨੀ | ਫਿਜੀਓਲੋਜੀ | ਮਾਤਾ ਕੁਸੱਲਿਆ ਹਸਪਤਾਲ, ਪਟਿਆਲਾ |
| 13 | ਡਾ. ਅੰਮ੍ਰਿਤਪ੍ਰੀਤ | ਡੈਂਟੀਸਟ੍ਰੀ | ਜ਼ਿਲ੍ਹਾ ਹਸਪਤਾਲ, ਫਤਿਹਗੜ੍ਹ ਸਾਹਿਬ। |

2. ਸਿਹਤ ਵਿਭਾਗ ਵੱਲੋਂ ਵੱਲੋਂ ਮਿਤੀ 24.5.2010 ਨੂੰ ਜਾਰੀ ਕੀਤੀ ਗਈ ਪਾਲਿਸੀ ਵਿੱਚ ਹੇਠ ਅਨੁਸਾਰ ਉਪਬੰਧ ਹੈ:-

C. <u>Assistant Professor-</u>

1. The Department of Medical Education would invite applications for the Posts of Lecturer/Senior Lecturer/Assistant Professor through and advertisement and circulation of the posts amongst the PCMS doctors of the Health Department.

The applications would be routed through the Director Health Services, who would obtain the approval of the Government before forwarding their names to the Department of Medical Education and Research.

2. PCMS doctors after their selection by Department of Medical Education would require formal NOC from the Health Department before they are relieved for joining the teaching faculty.

3. Once the PCMS doctors join the Medical Colleges, the bond executed by them for doing PG Course (10 Years) or Senior Residency (5 years) would by transferred to the Department of Medical Education and Research and these doctors would by required to render the remaining service as per these bonds in the Medical Education and Research Department.

3. ਪੱਤਰ ਮਿਤੀ 24.5.2010 ਰਾਹੀਂ ਜਾਰੀ ਉਕਤ ਹਦਾਇਤਾਂ ਵਿੱਚ ਪੀ.ਸੀ.ਐਮ.ਐਸ. ਡਾਕਟਰਾਂ ਨੂੰ ਬਤੌਰ ਸਹਾਇਕ ਪ੍ਰੋਫੈਸਰ ਮੈਡੀਕਲ ਕਾਲਜਾਂ ਵਿੱਚ ਭੇਜਣ ਦਾ ਕੋਈ ਉਪਬੰਧ ਨਾ ਹੋਣ ਕਾਰਨ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਪੱਤਰ PS/PSMER/2020/6769 ਮਿਤੀ 5.10.2020 ਰਾਹੀਂ ਪ੍ਰਾਪਤ ਹੋਈ ਤਜਵੀਜ ਨੂੰ ਲੋਕ ਹਿੱਤ ਵਿੱਚ ਸਮਰੱਥ ਅਥਾਰਟੀ ਦੇ ਪੱਧਰ ਤੇ ਵਿਚਾਰਦੇ ਹੋਏ ਮਿਤੀ 24.5.2010 ਰਾਹੀਂ ਜਾਰੀ ਹਦਾਇਤਾਂ ਵਿੱਚ ਇੱਕ ਸਮੇਂ ਲਈ ਢਿੱਲ(One Time relaxation) ਦਿੰਦੇ ਹੋਏ ਉਕਤ ਲੜੀ ਨੰ: 1 ਤੋਂ 13 ਤੇ ਦਰਜ ਪੀ.ਸੀ.ਐਮ.ਐਸ. ਡਾਕਟਰਾਂ ਨੂੰ ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਐਸ.ਏ.ਐਸ.ਨਗਰ ਵਿਖੇ ਬਤੌਰ ਸਹਾਇਕ ਪ੍ਰੋਫੈਸਰ 03 ਸਾਲ ਲਈ ਡੈਪੂਟੇਸ਼ਨ ਤੇ ਭੇਜਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

4. ਇਹ ਪ੍ਰਵਾਨਗੀ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਮਿਤੀ,ਚੰਡੀਗੜ੍ਹ:
06 ਅਕਤੂਬਰ, 2020

**ਹੁਸਨ ਲਾਲ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

ਪਿੱਠ ਅੰਕਣ ਨੰ: HFW-HLH2026D/230/2020-3H2/2513-2517 ਮਿਤੀ,ਚੰਡੀਗੜ੍ਹ: 06.10.2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਨੂੰ ਉਨ੍ਹਾਂ ਦੇ ਪੱਤਰ ਨੰ: PS/PSMER/2020/6769 ਮਿਤੀ 5.10.2020 ਦੇ ਹਵਾਲੇ ਵਿੱਚ।
2. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ,ਪੰਜਾਬ,ਚੰਡੀਗੜ੍ਹ:
3. ਡਾਇਰੈਕਟਰ-ਪ੍ਰਿੰਸੀਪਲ, ਡਾ. ਬੀ.ਆਰ. ਅੰਬੇਦਕਰ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਐਸ.ਏ.ਐਸ.ਨਗਰ।
4. ਸਬੰਧਤ ਸਿਵਲ ਸਰਜਨ।
5. ਸਬੰਧਤ ਡਾਕਟਰ (ਉਕਤ ਲੜੀ ਨੰ: 1 ਤੋਂ 13 ਤੇ ਦਰਜ ਸੂਚੀ ਅਨੁਸਾਰ)।

ਸਤਬੀਰ ਕੌਰ
ਸੁਪਰਡੰਟ